# ਸੁਖਵੰਤ ਕੌਰ ਮਾਨ
## ਰਚਿਤ ਸਾਹਿਤ : ਵਿਸ਼ੇਗਤ ਅਧਿਐਨ



ਸੰਪਾਦਕ
ਡਾ. ਅੰਮ੍ਰਿਤਪਾਲ ਕੌਰ

# *Sukhwant Kaur Maan Rachit Sahit Vishegat Adiyan*

*Edited by*

**Dr. Amritpal Kaur ©**
W/o S.Harchand Singh
Vill: Rasoolpur, P.O: Makhu
Distt: Ferozepur
e-mail: amritpalkaur802@yahoo.com

**ISBN : 978-93-82851-42-4**

**Rs. 200 /-**

**2013**

*Printing and Bound In India*

*Published by:*

**Chetna Parkashan**

PUNJABI BHAWAN, **LUDHIANA** (Pb.) INDIA
Ph. 0161-2413613, 2404928, Website: www.chetnaparkashan.com
E-mail: chetnaparkashan@sify.com, chetnaparkashan@gmail.com
**Sub Off.:** Qila Road, Opp. Bus Stand, **KOTKAPURA** (Pb.) INDIA
Ph.: 95011-45039

Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

## ਤਤਕਰਾ


ਕੁਝ ਸ਼ਬਦ -ਪ੍ਰੋ. ਬ੍ਰਹਮ ਜਗਦੀਸ਼ ਸਿੰਘ 9

ਦੋ ਸ਼ਬਦ -ਸ੍ਰੀਮਤੀ ਨੀਲਮ ਸ਼ਰਮਾ 10

ਸੰਪਾਦਕੀ -ਡਾ. ਅੰਮ੍ਰਿਤਪਾਲ ਕੌਰ 12

ਮੋਹ-ਮਿੱਟੀ : ਪਾਠ ਤੇ ਪ੍ਰਸੰਗ -ਟੀ.ਆਰ. ਵਿਨੋਦ 17

ਉਜੜੀ ਉਖੜੀ ਹੋਂਦ ਅਤੇ ਹੋਣੀ ਦੀ ਕਥਾਕਾਰ :
ਸੁਖਵੰਤ ਕੌਰ ਮਾਨ -ਡਾ. ਧਨਵੰਤ ਕੌਰ 23

ਕਿਸਾਨੀ ਜੀਵਨ ਦੀਆਂ ਬਹੁ-ਪਰਤਾਂ ਦੀ ਕਹਾਣੀਕਾਰ :
ਸੁਖਵੰਤ ਕੌਰ ਮਾਨ -ਡਾ. ਗੁਰਇਕਬਾਲ ਸਿੰਘ 40

ਬੰਦੇ ਦੇ ਸਾਹਸ, ਸ਼ਕਤੀ ਤੇ ਸਮਰਥਾ ਦਾ ਪ੍ਰਤੀਕ :
ਚਾਦਰ ਹੇਠਲਾ ਬੰਦਾ -ਬਲਵੰਤ ਸਿੰਘ ਸੰਧੂ 46

ਮੋਹ-ਮਿੱਟੀ ਵਿਚੋਂ ਉਭਰ ਰਹੇ ਮਾਨਵੀ ਸਰੋਕਾਰ
-ਡਾ. ਗੁਰਇਕਬਾਲ ਸਿੰਘ 54

ਛਿਓੜੀ : ਥੀਮਕ ਅਧਿਐਨ
-ਡਾ. ਸੁਨੀਤਾ ਸ਼ਰਮਾ 64

ਬੋਲ ਮੇਰੀ ਮਛਲੀ: ਵਿਸ਼ੈਗਤ ਅਧਿਐਨ
-ਡਾ. ਅੰਮ੍ਰਿਤਪਾਲ ਕੌਰ 72

ਮੱਕੜੀਆਂ: ਸਵੈ-ਸਿਰਜੇ ਘੇਰਿਆਂ ਦਾ ਬਿਰਤਾਂਤਕ ਪ੍ਰਵਚਨ
-ਸਵਰਨਜੀਤ ਕੌਰ 78

ਸੁਖਵੰਤ ਕੌਰ ਮਾਨ ਦੀ ਸਾਹਿਤ ਸੰਵੇਦਨਾ ਦਾ ਵਿਚਾਰਧਾਰਕ ਆਧਾਰ
*-ਡਾ. ਨਰਿੰਦਰ ਕੌਰ* 83

ਮੱਕੜੀਆਂ: ਵਸਤੂ ਅਤੇ ਵਿਵੇਕ
*-ਧਰਮਿੰਦਰ ਸਿੰਘ* 90

ਚਾਦਰ ਹੇਠਲਾ ਬੰਦਾ : ਉਜਾੜਿਆਂ 'ਚ ਝੂਲਦੀ ਜ਼ਿੰਦਗੀ ਦਾ ਬਿਰਤਾਂਤ
*-ਹਰਜਿੰਦਰ ਸਿੰਘ* 97

ਸੁਖਵੰਤ ਕੌਰ ਮਾਨ ਦੀਆਂ ਕਹਾਣੀਆਂ ਵਿਚ ਬੇਜ਼ਮੀਨੇ ਨਿਮਨ
ਵਰਗ ਦੀ ਹੋਂਦ ਦਾ ਮਸਲਾ *-ਡਾ. ਅੰਮ੍ਰਿਤਪਾਲ ਕੌਰ* 104

ਇਸ ਦੇ ਬਾਵਜੂਦ: ਸਮਾਜਿਕ ਆਰਥਿਕ ਸੰਦਰਭ
*-ਡਾ. ਮਨਦੀਪ ਕੌਰ* 109

ਇਸਦੇ ਬਾਵਜੂਦ : ਮਨੁੱਖ ਮਜ਼ਬੂਰੀਆਂ ਦੇ ਦੁਖਾਂਤ ਦਾ ਸਿਰਜਕ
*-ਰਿਪਨਜੀਤ ਕੌਰ* 117

ਗੁਲਾਬੀ ਧੁੱਪ: ਇਕ ਵਿਸ਼ਲੇਸ਼ਣ
*-ਡਾ. ਅੰਮ੍ਰਿਤਪਾਲ ਕੌਰ* 121

ਸੁਖਵੰਤ ਕੌਰ ਮਾਨ ਦੀਆਂ ਕਹਾਣੀਆਂ ਵਿਚ 'ਹਰੇ ਇਨਕਲਾਬ' ਦੀ
ਖੜੋਤ ਤੋਂ ਉਪਜੇ ਕਿਸਾਨੀ
ਸੰਕਟ ਦੀ ਪੇਸ਼ਕਾਰੀ *-ਡਾ. ਰਜਿੰਦਰ ਸਿੰਘ ਕੰਬੋਜ* 126

ਸੁਖਵੰਤ ਕੌਰ ਮਾਨ ਨਾਲ ਮੁਲਾਕਾਤ 137

# ਚਾਦਰ ਹੇਠਲਾ ਬੰਦਾ : ਉਜਾੜਿਆਂ 'ਚ ਝੁਲਦੀ ਜ਼ਿੰਦਗੀ ਦਾ ਬਿਰਤਾਂਤ

*-ਹਰਜਿੰਦਰ ਸਿੰਘ*

ਸਮਕਾਲੀ ਪੰਜਾਬੀ ਕਹਾਣੀ ਜਗਤ ਵਿਚ ਸੁਖਵੰਤ ਕੌਰ ਮਾਨ ਇਕ ਪ੍ਰੌਢ ਲੇਖਿਕਾ ਵਜੋਂ ਸਥਾਪਿਤ ਪਰ ਅਣਗੌਲੀ ਕਹਾਣੀਕਾਰਾ ਹੈ। ਆਪਣੇ ਗ਼ੈਰ-ਸਾਹਿਤਕ ਰੁਝਾਨਾਂ ਕਰਕੇ ਉਹ ਆਪਣੀਆਂ ਸਮਕਾਲੀ ਨਾਰੀ ਲੇਖਿਕਾਵਾਂ ਦੇ ਮੁਕਾਬਲਤਨ ਲੋੜੋਂ ਘਟ ਵਿਚਾਰੀ ਗਈ ਹੈ। ਉਸ ਨੇ ਨਿਰੋਲ ਨਾਰੀ-ਸੰਵੇਦਨਾ ਜਾਂ ਨਾਰੀ ਚੇਤਨਾ ਬਾਰੇ ਲਿਖਣ ਦੀ ਥਾਂ ਮਾਨਵੀ ਸੰਵੇਦਨਾ ਜਾਂ ਮਾਨਵੀ ਚੇਤਨਾ ਬਾਰੇ ਲਿਖਿਆ ਹੈ।[1] ਮੇਰੀ ਜਾਚੇ ਇਸ ਕਰਕੇ ਉਹ ਦੂਸਰੀਆਂ ਨਾਰੀ ਲੇਖਿਕਾਵਾਂ ਨਾਲੋਂ ਵਧੇਰੇ ਗੌਲਣਯੋਗ ਹੋ ਨਿਬੜਦੀ ਹੈ।

ਸਮਾਜਿਕ ਪ੍ਰਤੀਬੱਧਤਾ ਰੱਖਣ ਵਾਲੇ ਸਾਰੇ ਸਾਹਿਤਕਾਰ ਹੀ ਮਨੁੱਖੀ ਜੀਵਨ ਦੀ ਤੋਰ ਨੂੰ ਪਛਾਣਦੇ ਹਨ, ਉਸ ਨੂੰ ਚਲਾਉਣ ਵਾਲੀ ਹੇਠਲੀ ਤਹਿ ਵਿਚ ਕਾਰਜਸ਼ੀਲ ਗੀਤਕਾਰਾਂ ਨੂੰ ਸਮਝਦੇ-ਭਾਂਪਦੇ ਤੇ ਸਰਬ-ਸਾਂਝੇ ਮਨੁੱਖੀ ਮੁੱਲਾਂ ਦੇ ਪਰਿਪੇਖ ਤੋਂ ਇਸ ਜੀਵਨ ਸਤਹਿ 'ਤੇ ਵਾਪਰਦੇ ਨਿੱਕੇ-ਵੱਡੇ ਸੰਘਰਸ਼ਾਂ, ਟਕਰਾਵਾਂ ਤੇ ਤਨਾਵਾਂ ਨੂੰ ਆਪਣੀ-ਆਪਣੀ ਵਿਸ਼ੇਸ਼ ਸਾਹਿਤਕ-ਭਾਸ਼ਾ ਤੇ ਵਿਸ਼ੇਸ਼ ਪ੍ਰਸੰਗਾਂ ਵਿਚ ਪੁਨਰ ਸੁਰਜੀਤ ਕਰਦੇ ਹਨ। ਸੁਖਵੰਤ ਕੌਰ ਮਾਨ ਵੀ ਅਜਿਹੀ ਹੀ ਪ੍ਰਤੀਬੱਧ ਕਹਾਣੀਕਾਰਾ ਹੈ ਜਿਸ ਨੇ ਪੰਜਾਬ ਦੇ ਜੀਵਨ ਯਥਾਰਥ ਵਿਚ ਆਪਣੀ ਇਕਾਗਰ ਅੱਖ ਟਿਕਾਈ ਰੱਖੀ ਹੈ ਅਤੇ ਕਈ ਤਰ੍ਹਾਂ ਦੀਆਂ ਕਥਾ-ਜੁਗਤਾਂ ਦੇ ਪ੍ਰਯੋਗ ਤੇ ਆਪਣੀ ਪੂਰੀ ਕਲਾ-ਕੌਸ਼ਲਤਾ ਨਾਲ ਇਸ ਜੀਵਨ ਦੇ ਵਿਕਾਸ ਤੇ ਵਿਨਾਸ਼ ਜਾਂ ਪ੍ਰਗਤੀ ਤੇ ਅਧੋਗਤੀ ਨੂੰ ਆਪਣੀਆਂ ਕਹਾਣੀਆਂ ਵਿਚ ਰੂਪਮਾਨ ਕੀਤਾ ਹੈ।[2] ਜਿਥੇ ਉਹ ਆਪਣੀਆਂ ਕਹਾਣੀਆਂ ਵਿਚ ਪੇਂਡੂ ਅਰਥਚਾਰੇ ਦੇ ਸਮੁੱਚੇ ਸਭਿਆਚਾਰਕ ਰੂਪਾਂਤਰਣ ਨੂੰ ਰੇਖਾਂਕਿਤ ਕਰਦੀ ਹੈ ਉਥੇ ਹੀ ਉਹ ਪੰਜਾਬੀਅਤ ਦੀ ਹੋਂਦ ਤੇ ਹੋਣੀ ਨੂੰ ਝੰਜੋੜਦੇ ਰਹੇ ਉਜਾੜਿਆਂ/ਘੱਲੂਘਾਰਿਆਂ ਨੂੰ ਵੀ ਵਿਕਰਾਲ ਰੂਪ ਵਿਚ ਚਿਤਰਦੀ ਹੈ।

ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਪੰਜਾਬ ਦੀ ਧਰਤੀ ਉਤੇ ਅਤੇ ਪੰਜਾਬੋਂ ਬਾਹਰ ਵਸਦੇ ਪੰਜਾਬੀਆਂ ਦੇ ਜੀਵਨ ਵਿਚ ਉਥਲ-ਪੁਥਲ ਮਚਾਉਣ ਵਾਲੀਆਂ ਅਜਿਹੀਆਂ ਘਟਨਾਵਾਂ ਵਾਪਰੀਆਂ, ਜਿਨ੍ਹਾਂ ਨੇ ਪੰਜਾਬ ਦੀ ਸਮਾਜਿਕ

ਅਤੇ ਸਭਿਆਚਾਰਕ ਆਭਾ ਨੂੰ ਹੀ ਅਸ਼ਾਂਤ ਨਹੀਂ ਕੀਤਾ ਸਗੋਂ ਸਰਬਸਾਂਝੀ ਪੰਜਾਬੀਅਤ ਨੂੰ ਵੀ ਡੂੰਘੇ ਸੰਕਟ ਦੇ ਕੰਢੇ ਲਿਆ ਖਲ੍ਹਾਰਿਆ ਹੈ। ਪੰਜਾਬੀ ਸਾਹਿਤਕਾਰਾਂ ਨੇ ਇਸ ਸਮਕਾਲੀ ਸੰਕਟ ਦੇ ਸਨਮੁਖ ਹੋ ਕੇ ਇਸ ਦਾ ਸਾਹਿਤਕ ਪ੍ਰਤੀਉੱਤਰ ਪੇਸ਼ ਕਰਨ ਦੀ ਭਰਪੂਰ ਚੇਸ਼ਟਾ ਕੀਤੀ ਹੈ।[1] ਇਸੇ ਸਾਹਿਤਕ ਪ੍ਰਤੀਉੱਤਰ ਨਾਲ ਸੁਖਵੰਤ ਕੌਰ ਮਾਨ ਵਧੇਰੇ ਪ੍ਰਤੀਬੱਧਤਾ ਨਾਲ ਖੜ੍ਹੀ ਨਜ਼ਰ ਆਉਂਦੀ ਹੈ। ਉਸ ਨੇ ਆਪਣੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ 1947 ਦੀ ਦੇਸ਼ ਵੰਡ ਦੇ ਉਜਾੜੇ, ਪੰਜਾਬ ਸੰਕਟ ਸਮੇਂ ਦੇ ਉਜਾੜੇ ਅਤੇ ਦਿੱਲੀ ਵਿਚ ਸਿੱਖ ਵਿਰੋਧੀ ਦੰਗਿਆਂ ਸਮੇਂ ਹੋਏ ਉਜਾੜੇ ਵਿਚ ਵਲੂੰਧਰੀ ਪੰਜਾਬੀਅਤ ਨੂੰ ਬਿਰਤਾਂਤਕ ਪ੍ਰਵਚਨ ਵਜੋਂ ਸਿਰਜਿਆ ਹੈ। ਅਧਿਐਨ ਦਾ ਮਰਕਜ਼ ਬਣੀ ਕਹਾਣੀ 'ਚਾਦਰ ਹੇਠਲਾ ਬੰਦਾ' ਵੀ ਇਨ੍ਹਾਂ ਉਜਾੜਿਆਂ ਦੇ ਪੁੜਾਂ ਵਿਚਕਾਰ ਦਰੜੀ ਤੇ ਲਹੂ-ਲੁਹਾਣ ਹੋਈ ਪੰਜਾਬੀਅਤ ਦਾ ਸਾਹਿਤਕ ਪ੍ਰਤੀਉੱਤਰ ਸਿਰਜਦੀ ਹੈ।

'ਚਾਦਰ ਹੇਠਲਾ ਬੰਦਾ' ਕਹਾਣੀ ਸਮਕਾਲੀ ਦੌਰ ਦੀਆ ਅਜਿਹੀਆਂ ਵਿਕਰਾਲ ਸਥਿਤੀਆਂ ਨੂੰ ਪੇਸ਼ ਕਰਦੀ ਹੈ ਜਿਹੜੀਆਂ ਦਿਨ-ਪ੍ਰਤੀ-ਦਿਨ ਵਾਪਰ ਰਹੀਆਂ ਤਰਕਹੀਣ ਹਿੰਸਾ ਅਤੇ ਪ੍ਰਤੀਹਿੰਸਾ ਦੀਆਂ ਘਟਨਾਵਾਂ ਅਤੇ ਉਨ੍ਹਾਂ ਦੇ ਸਿੱਟੇ ਵਜੋਂ ਉਪਜੇ ਦਹਿਸ਼ਤ, ਦਮਨ, ਕਤਲੋਗਾਰਤ, ਬੁਰਸ਼ਾਗਰਦੀ, ਹਨੇਰਗਰਦੀ ਅਤੇ ਅਸੁਰੱਖਿਆ ਦੇ ਮਾਹੌਲ ਦੀ ਅਤਿ ਡਰੌਣੀ ਸਥਿਤੀ ਪੈਦਾ ਕਰਦੀਆਂ ਹਨ। ਪੰਜਾਬ ਅਤੇ ਪੰਜਾਬੀਅਤ ਦੀ ਘੋਰ ਨਿਰਾਸ਼ਾ ਅਤੇ ਦੁਖਾਂਤ ਵਿਚ ਗਰੱਸੀ ਹੋਈ ਇਹ ਅਸਹਿ ਸਥਿਤੀ ਸਮੁੱਚੇ ਦੇਸ਼ ਲਈ ਵੀ ਇਕ ਵਿਕਰਾਲ ਸਮੱਸਿਆ ਬਣਦੀ ਹੈ। ਇਸ ਸਮੱਸਿਆ ਦਾ ਹੱਲ ਨੇੜ ਭਵਿੱਖ ਵਿਚ ਕਿਤੇ ਨਜ਼ਰ ਨਹੀਂ ਆਉਂਦਾ।

ਹਥਲੀ ਕਹਾਣੀ ਪੰਜਾਬੀਆਂ ਦੀ ਸਦੀਆਂ 'ਪੁਰਾਣੀ ਸਦਭਾਵਨਾ ਅਤੇ ਸਾਂਝ ਵਿਚ ਤਰੇੜਾਂ ਪਾਉਣ ਵਾਲੀਆਂ ਅਤੇ ਫਿਰਕੂ ਤਨਾਓ ਪੈਦਾ ਕਰਨ ਵਾਲੀਆਂ ਕੁਟਿਲ ਚਾਲਾਂ ਦੇ ਰਾਜਨੀਤਕ/ਧਾਰਮਿਕ ਅਵਚੇਤਨ ਵਿਚ ਝਾਕਣ ਦਾ ਜਤਨ ਕਰਦੀ ਹੈ। ਪੰਜਾਬ ਅਤੇ ਪੰਜਾਬ ਤੋਂ ਬਾਹਰ ਵਾਪਰੇ ਪੰਜਾਬੀਅਤ ਦੇ ਦੁਖਾਂਤ ਦਾ ਬਿਰਤਾਂਤਕ ਪ੍ਰਵਚਨ ਇਸ ਕਹਾਣੀ ਦਾ ਮਰਕਜ਼ ਬਣਦਾ ਹੈ। ਪੰਜਾਬੀਅਤ ਨੂੰ ਜੜ੍ਹੋਂ ਹਿਲਾਉਣ ਵਾਲੀਆਂ ਇਹ ਅਤਿ-ਦੁਖਾਂਤਕ ਘਟਨਾਵਾਂ 1947 ਦੀ ਦੇਸ਼ ਵੰਡ, ਪੰਜਾਬੀ ਸੂਬੇ ਦੀ ਵੰਡ, ਅਪਰੇਸ਼ਨ ਬਲਿਊ ਸਟਾਰ, ਦਿੱਲੀ ਦੇ ਸਿੱਖ ਵਿਰੋਧੀ ਦੰਗੇ, ਦਹਿਸ਼ਤਗਰਦੀ ਅਤੇ ਹਿੰਸਾ ਦੀਆਂ ਦਿਨ-ਪ੍ਰਤੀ-ਦਿਨ ਵਾਪਰਦੀਆਂ ਦੁਖਾਂਤਕ ਘਟਨਾਵਾਂ ਜਿਨ੍ਹਾਂ ਵਿਚ ਜ਼ਿਆਦਾਤਰ ਨਿਰਦੋਸ਼ਾਂ ਦਾ ਹੀ ਖ਼ੂਨ ਡੁਲ੍ਹਿਆ, ਇਸ ਕਹਾਣੀ ਦੇ ਫੋਕਸ ਵਿਚ ਹਨ। ਇਸ ਸਮੁੱਚੇ ਘਟਨਾਕ੍ਰਮ ਦੇ ਆਲ਼ੇ-ਦੁਆਲ਼ੇ ਆਪਣੇ ਗਲਪੀ ਬਿਰਤਾਂਤ ਦੀ ਸਿਰਜਨਾ ਕਰਕੇ ਸੁਖਵੰਤ ਕੌਰ ਮਾਨ ਨੇ ਅਤਿ-ਦੁਖਾਂਤਕ ਸੰਵੇਦਨਾ ਨੂੰ ਹੀ ਜ਼ਬਾਨ ਦਿੱਤੀ ਹੈ। ਇਨ੍ਹਾਂ ਉਜਾੜਿਆਂ ਤੇ ਦੰਗਿਆਂ ਕਾਰਨ ਸਦਮੇ

ਵਿਚ ਆਈ ਲੋਕਾਈ ਦੀ ਭੈਭੀਤ ਮਾਨਸਿਕਤਾ ਨੂੰ ਉਸ ਦੀ ਕਲਾਕਾਰੀ ਅੱਖ ਨੇ ਪੰਜਾਬ ਸੰਕਟ ਦੌਰਾਨ ਅਤੇ 1984 ਦੇ ਦੰਗਿਆਂ ਦੌਰਾਨ ਇਸੇ ਪਰਿਪੇਖ ਵਿਚੋਂ ਪ੍ਰਤੱਖਿਆ ਹੈ। ਹਥਲੀ ਕਹਾਣੀ ਇਸੇ ਪਰਿਪੇਖ ਸੋਝੀ ਵਿਚੋਂ ਉਪਜੇ ਤਲਖ ਯਥਾਰਥ ਦਾ ਗਾਲਪਨਿਕ ਬਿੰਬ ਸਿਰਜਦੀ ਹੈ। ਇਕ ਜਾਦੂਗਰ ਦੇ ਤਮਾਸ਼ੇ ਦਾ ਦ੍ਰਿਸ਼ਟਾਂਤ ਇਸ ਕਹਾਣੀ ਦਾ ਸਿਰਲੇਖ ਅਤੇ ਵਿਵੇਕ ਸਿਰਜਦਾ ਹੈ। ਜਾਦੂਗਰ ਚਾਦਰ ਹੇਠ ਪਏ ਬੰਦੇ ਦਾ ਕਲਾ ਕੱਟਣ ਦਾ ਕਰਤਬ ਕਰਦਾ ਹੈ ਅਤੇ ਚਾਦਰ ਹੇਠਲੇ ਬੰਦੇ ਦੀ ਦਿਲ ਖਰਾਸ਼ ਚੀਖ ਤਮਾਸ਼ਾ ਵੇਖਣ ਵਾਲਿਆਂ ਨੂੰ ਭੈਭੀਤ ਕਰ ਦਿੰਦੀ ਹੈ, ਪਰ ਜਿਉਂ ਹੀ ਜਾਦੂਗਰ ਚਾਦਰ ਚੁਕਦਾ ਹੈ, ਚਾਦਰ ਹੇਠ ਪਿਆ ਬੰਦਾ ਭੁੜਕ ਕੇ ਉਠ ਬੈਠਦਾ ਹੈ। ਕਹਾਣੀ ਦੀ ਵਕਤਾ ਇਸ ਨਿੱਕੇ ਜਿਹੇ ਤਮਾਸ਼ੇ ਬਾਰੇ ਸੋਚਦੀ ਹੈ ਕਿ ਆਖ਼ਰ ਉਹ ਬੰਦਾ ਬਚ ਕਿਵੇਂ ਗਿਆ। ਜਦੋਂ ਕਿ ਉਸ ਦੀ ਚੀਖ ਤੇ ਲਹੂ ਉਸ ਦੇ ਕੱਟੇ ਜਾਣ ਦਾ ਪ੍ਰਮਾਣ ਬਣੇ ਸਨ। ਇਸ ਨਿੱਕੇ ਜਿਹੇ ਦ੍ਰਿਸ਼ਟਾਂਤ ਦੇ ਸਮਵਿਥ ਉਹ 1984 ਦੇ ਫਿਰਕੂ ਦੰਗਿਆਂ ਨੂੰ ਫੋਕਸ ਵਿਚ ਲਿਆਉਂਦੀ ਹੈ।[4] ਜਾਦੂਗਰ ਦੁਆਰਾ ਕੱਟੇ/ਵੱਢੇ ਚਾਦਰ ਹੇਠਲੇ ਬੰਦੇ ਦਾ ਸਹੀ ਸਲਾਮਤ ਉਠ ਖੜ੍ਹੇ ਹੋਣਾ ਅਸਲ ਵਿਚ ਉਸ ਸਰਬਸਾਂਝੀ ਪੰਜਾਬੀਅਤ ਦਾ ਚਿਹਨ ਹੈ ਜਿਹੜੀ ਹਜ਼ਾਰਾਂ ਜਰਵਾਣਿਆਂ ਦੇ ਜ਼ੁਲਮਾਂ ਨੂੰ ਸਹਿ ਕੇ ਵੀ ਉਠ ਖੜ੍ਹੀ ਹੋ ਜਾਂਦੀ ਰਹੀ ਹੈ। ਇਸ ਪੰਜਾਬੀਅਤ ਦਾ ਹੀ ਪ੍ਰਮਾਣ ਇਹ ਕਾਵਿ-ਸਤਰਾਂ ਹਨ ਜੋ ਲੋਕਧਾਰਾਈ ਖ਼ਾਸਾ ਰਖਦੀਆਂ ਹਨ-

*"ਮੰਨੂ ਸਾਡੀ ਦਾਤਰੀ, ਅਸੀਂ ਮੰਨੂ ਦੇ ਸੋਏ,*
*ਜਿਉਂ-ਜਿਉਂ ਮੰਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ।"*

ਇਉਂ ਲੋਕਧਾਰਾਈ ਅਵਚੇਤਨ ਨਾਲ ਪਰਨਾਈ ਹੋਈ ਇਸ ਕਹਾਣੀ ਵਿਚ ਸੁਖਵੰਤ ਕੌਰ ਮਾਨ ਦੀ ਇਹ ਖ਼ੂਬਸੂਰਤੀ ਨਜ਼ਰ ਆਉਂਦੀ ਹੈ ਕਿ ਉਹ ਛੋਟੇ ਜਿਹੇ ਦ੍ਰਿਸ਼ਟਾਂਤ ਰਾਹੀਂ ਬਹੁਤ ਵੱਡੇ ਅਰਥ ਸਿਰਜ ਗਈ ਹੈ। ਇਸੇ ਵਿਚ ਹੀ ਸਮਕਾਲੀ ਪੰਜਾਬੀ ਕਹਾਣੀ ਦੀ ਪ੍ਰਾਪਤੀ ਨਜ਼ਰ ਆਉਂਦੀ ਹੈ।

ਹਥਲੀ ਕਹਾਣੀ ਪ੍ਰਤੱਖ ਰੂਪ ਵਿਚ 1984 ਦੇ ਦੰਗਿਆਂ ਨੂੰ ਤੇ ਪ੍ਰੋਖ ਰੂਪ ਵਿਚ 1947 ਦੀ ਦੇਸ਼ ਵੰਡ ਅਤੇ ਪੰਜਾਬ ਸੰਕਟ ਦੌਰਾਨ ਦਰੜੀ ਮਾਨਵਤਾ ਦੇ ਜੀਵਨ ਯਥਾਰਥ ਨੂੰ ਆਪਣਾ ਰਚਨਾ ਵਸਤੂ ਬਣਾਉਂਦੀ ਹੈ। ਇਨ੍ਹਾਂ ਤਿੰਨਾਂ ਉਜਾੜਿਆਂ ਨੇ ਸਰਬਸਾਂਝੀ ਪੰਜਾਬੀਅਤ ਨੂੰ ਵਿਆਪਕ ਪੱਧਰ 'ਤੇ ਝੰਜੋੜਿਆ। ਹਰ ਬੰਦੇ ਨੂੰ ਆਪਣੇ ਹਿੱਸੇ ਦਾ ਸੰਤਾਪ ਭੋਗਣਾ ਪਿਆ। ਹਥਲੀ ਕਹਾਣੀ ਦਾ ਪਾਤਰ ਟੇਲਰ ਮਾਸਟਰ ਸਤਨਾਮ ਉਰਫ਼ ਸੱਤਾ ਦਰਜੀ ਹੀ ਨਹੀਂ ਸਗੋਂ ਉਸ ਵਰਗੇ ਹਜ਼ਾਰਾਂ ਬੰਦੇ ਇਨ੍ਹਾਂ ਸੰਤਾਪਾਂ ਨੂੰ ਆਪਣੇ ਪਿੰਡੇ 'ਤੇ ਹੰਢਾਉਂਦੇ ਹਨ। ਕਹਾਣੀ ਦੇ ਬਿਰਤਾਂਤਕ

ਵੇਰਵਿਆਂ ਤੋਂ ਇਹ ਸੂਹ ਮਿਲਦੀ ਹੈ ਕਿ ਦੇਸ਼ ਵੰਡ ਤੋਂ ਪਹਿਲਾਂ ਮਾਸਟਰ ਸਤਨਾਮ ਦਾ ਪਰਿਵਾਰ ਪਟਿਆਲੇ ਰਿਆਸਤ ਵਿਚ ਸ਼ਾਹੀ ਦਰਜੀ ਵਜੋਂ ਕਾਰਜ ਕਰਦਾ ਸੀ। ਰਿਆਸਤਾਂ ਦੇ ਟੁੱਟਣ ਨਾਲ ਨਾ ਰਾਜੇ ਰਹੇ, ਨਾ ਹੀ ਰਾਜ ਦਰਜੀ। ਮਾਸਟਰ ਸਤਨਾਮ ਦਾ ਪਰਿਵਾਰ ਕੰਮੋਂ ਆਹਰਾ ਹੋਇਆ ਪੰਜਾਬੀ ਸੂਬਾ ਬਣਨ ਸਮੇਂ ਹੋਏ ਉਜਾੜੇ ਮੌਕੇ ਦਿੱਲੀ ਜਾ ਆਸਰਾ ਲੈਂਦਾ ਹੈ ਸ਼ਰਨਾਰਥੀਆਂ ਵਾਲੀ ਸਥਿਤੀ ਨੂੰ ਭੋਗਦਾ ਉਸ ਦਾ ਪਰਿਵਾਰ ਹੌਲ਼ੀ-ਹੌਲ਼ੀ ਦਿੱਲੀ ਵਿਚ ਆਪਣਾ ਪੱਕਾ ਵਸੇਬਾ ਕਰ ਲੈਂਦਾ ਹੈ। ਦਿੱਲੀ ਵਿਚ ਹੀ ਮਾਸਟਰ ਸਤਨਾਮ ਆਪਣੀ ਮਿਹਨਤ ਤੇ ਲਗਨ ਸਦਕਾ ਦਰਜੀ ਦੇ ਕੰਮ ਨੂੰ ਵੱਡੇ ਪੱਧਰ 'ਤੇ ਸ਼ੁਰੂ ਕਰ ਲੈਂਦਾ ਹੈ। ਉਹ ਸਤਨਾਮ ਦਰਜੀ ਤੋਂ ਉੱਤਰ-ਆਧੁਨਿਕ ਮੰਡੀ ਵਿਚ 'ਸਤਨਾਮ ਸਟਿੱਚਰਜ਼' ਬਣ ਜਾਂਦਾ ਹੈ। ਉਹ ਮੰਡੀਵਾਦੀ ਬਿਰਤੀ ਤਹਿਤ ਪੈਦਾ ਹੋਈ ਪਦਾਰਥ 'ਕੱਠੇ ਕਰਨ ਦੀ ਹੋੜ ਦੀ ਪੂਰਤੀ ਹਿੱਤ ਕਪੜੇ ਦੀ ਸਿਲਾਈ-ਕਢਾਈ ਦਾ ਬਹੁਤ ਵੱਡਾ ਸ਼ੋਅਰੂਮ ਉਸਾਰ ਲੈਂਦਾ ਹੈ। ਉਹ ਦਿੱਲੀ ਨੂੰ ਕਿਸੇ ਵੀ ਕੀਮਤ 'ਤੇ ਛੱਡਣਾ ਨਹੀਂ ਚਾਹੁੰਦਾ। ਉਹ ਪੰਜਬ ਦੇ ਖੇਰੂੰ-ਖੇਰੂੰ ਹੋਏ ਧਰਾਤਲ ਨੂੰ ਵੀ ਭੁਲਣਾ ਚਾਹੁੰਦਾ ਹੈ। ਉਹ ਪੰਜਾਬ ਵਿਚ ਪੰਜਾਬੀ ਸੂਬੇ ਦੇ ਅੰਦੋਲਨ ਬਾਰੇ ਚੌਂਕ ਦਰਜੀਆਂ ਵਿਚ ਖੜ੍ਹਾ ਹੋ ਕੇ ਆਖਦਾ ਹੈ:

> *"... ਅੱਗੇ ਪੰਜਾਬ ਨੂੰ ਚੀਰਿਆ ਵੱਢਿਆ ਅੰਗਰੇਜ਼ਾਂ ਨੇ... ਹੁਣ ਗਲ਼ ਵਿਚ ਢੋਲ ਪਾ ਲਿਆ ਏ ਸੰਤ ਫ਼ਤਹਿ ਸਿੰਘ ਨੇ... ਜਿੱਡਾ ਢਿੱਡ ਓਡਾ ਢੋਲ... ਅਖੇ ਅਸੀਂ ਲੱਗੇ ਆਂ ਸੜ ਕੇ ਮਰਨ... ਉਸਾਰੋ ਸਾਡੇ ਲਈ ਹਵਣ-ਕੁੰਡ... ਧੁੱਤ। ਕਰਵਾ ਦਿੱਤੇ ਪੰਜਾਬ ਦੇ ਤਿੰਨ ਟੋਟੇ...ਚਿੜੀ ਦੇ ਪਹੁੰਚੇ ਜਿੰਨੀ ਪੰਜਾਬੜੀ।... ਗੰਜੀ ਨਹਾਊਗੀ ਕੀ ਤੇ ਨਚੋੜੂਗੀ ਕੀ?...।"*

ਇਉਂ ਇਹ ਕਹਾਣੀ ਸੰਕੇਤਕ ਰੂਪ ਵਿਚ ਉਨ੍ਹਾਂ ਘਟਨਾਵਾਂ ਨੂੰ ਵੀ ਰਜਿਸਟਰ ਕਰਦੀ ਹੈ ਜਿਹੜੀਆਂ ਪ੍ਰੋਖ ਰੂਪ ਵਿਚ ਦਿੱਲੀ ਦੇ ਸਿੱਖ ਵਿਰੋਧੀ ਦੰਗਿਆਂ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਨਜ਼ਰ ਆਉਂਦੀਆਂ ਹਨ। ਫਿਰਕੂਪੁਣੇ ਦੀ ਜ਼ਹਿਰ ਜਦੋਂ ਸਾਂਝੀ ਪੰਜਾਬੀਅਤ ਦੀ ਆਭਾ ਵਿਚ ਘੁਲਦੀ ਹੈ ਤਾਂ ਪੰਜਾਬ ਸੰਕਟ ਅਤੇ ਦਿੱਲੀ ਵਿਚ ਸਿੱਖ ਵਿਰੋਧੀ ਦੰਗੇ ਹੁੰਦੇ ਹਨ। ਇਨ੍ਹਾਂ ਦੰਗਿਆਂ ਵਿਚ ਦਿੱਲੀ ਵਿਚ ਘੁੱਗ ਵਸਦੇ ਮਾਸਟਰ ਸਤਨਾਮ ਵਰਗੇ ਸਿੱਖਾਂ ਨੂੰ ਅਖੌਤੀ ਧਾਰਮਿਕ ਕੱਟੜ ਪੰਥੀਆਂ ਨੇ ਲੁੱਟਿਆ ਹੀ ਨਹੀਂ ਸਗੋਂ ਕਤਲੇਆਮ ਵੀ ਕੀਤਾ। ਘਰ ਸਾੜ ਦਿੱਤੇ ਗਏ। ਦੁਕਾਨਾਂ ਤੇ ਹੋਰ ਕਾਰੋਬਾਰ ਦੇ ਸਾਧਨ ਸਾੜ ਦਿੱਤੇ ਗਏ। ਜਿਹੜੇ ਮਾਸਟਰ ਸਤਨਾਮ ਵਰਗੇ ਕਿਸੇ ਨਾ ਕਿਸੇ ਤਰ੍ਹਾਂ ਮੌਤ ਤੋਂ ਬਚ ਗਏ, ਉਨ੍ਹਾਂ ਲਈ ਜਿਉਂਦਾ ਰਹਿਣਾ ਹੋਰ ਵੀ ਔਖਾ ਹੋ ਗਿਆ। ਮਾਸਟਰ ਸਤਨਾਮ ਲਈ ਇਹ ਜ਼ਿੰਦਗੀ ਵਿਚ ਤੀਜਾ ਉਜਾੜਾ

ਹੈ। ਉਹ ਹਰ ਪਾਸਿਉਂ ਹੀਣਾ ਹੋਇਆ ਪੰਜਾਬ ਵਾਪਸ ਪਰਤਣਾ ਚਾਹੁੰਦਾ ਹੈ। ਪਰ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਪੰਜਾਬ ਵਿਚ ਵੀ ਅੱਤਵਾਦ ਦਾ ਜ਼ੋਰ ਹੈ, ਉਥੇ ਵੀ ਜ਼ਿੰਦਗੀ ਮਹਿਫ਼ੂਜ਼ ਨਹੀਂ ਹੈ। ਮਨੋ ਦਿਲਗੀਰ ਹੋਇਆ ਮਾਸਟਰ ਸਤਨਾਮ ਆਖਦਾ ਹੈ:

*"ਮੈਂ ਤਾਂ ਪਟਿਆਲੇ ਜਾ ਰਿਹਾਂ ਭੈਣ ਜੀ, ਆਪਣੇ ਮਾਰਨਗੇ ਤਾਂ ਛਾਵੇਂ ਤਾਂ ਸੁੱਟਣਗੇ...।"- ਨਹੀਂ ਭੈਣ ਜੀ ਹੁਣ ਏਥੇ ਦਿਲ ਹੀ ਨਹੀਂ ਲੱਗਦਾ... ਜਿਥੇ ਤੁਹਾਡਾ ਪੁੱਤਰ, ਘਰ, ਕਾਰੋਬਾਰ... ਸੋਚ ਸਕਦੇ ਓ, ਦੁਕਾਨ 'ਚੋਂ ਨਿਕਲਿਆ ਤਾਂ ਲੁੱਕਦਾ ਲੁੱਕਦਾ ਘਰ ਨੂੰ ਹੋ ਲਿਆ... ਵੇਖਿਆ ਤਾਂ ਘਰ ਧੂਹ ਧੂਹ ਕਰਕੇ ਬਲ ਰਿਹਾ ਸੀ... ਜਨਾਨੀ ਤੇ ਨੂੰਹ, ਧੀ ਸ਼ਾਇਦ ਗੁਆਂਢੀਆਂ ਵੱਲ... ਸ਼ਾਇਦ ਕਿਥੇ... ਵਾਪਸ ਬਾਜ਼ਾਰ ਵੱਲ ਭੱਜਾ ਤਾਂ... ਬਾਜ਼ਾਰ 'ਚ ਅੱਗ ਹੀ ਅੱਗ, ਮੇਰੀ ਦੁਕਾਨ ਹੀ ਲੁੱਟ ਰਹੇ ਸਨ ਲੁਟੇਰੇ...- ਫਿਰ ਲੜਾਈ ਤੇ ਹੱਥੋਪਾਈ... ਇਕ ਨੇ ਤੇਲ ਛਿੜਕਿਆ ਦੂਜੇ ਨੇ ਤੀਲੀ ਲਾਈ... ਆਪਣੀ ਲੰਕਾ ਆਪਣੇ ਅੱਖੀਂ ਧੂਹ-ਧੂਹ ਕਰਕੇ ਬਲਦੀ ਵੇਖਣੀ... ਹਰ ਪਾਸੇ ਅੱਗ ਹੀ ਅੱਗ...।"*[੬]

ਇਉਂ ਇਹ ਕਹਾਣੀ ਦੰਗਿਆਂ ਵਿਚ ਮਨੁੱਖਤਾ ਦੇ ਹੁੰਦੇ ਘਾਣ ਦੇ ਕਰੂਰ ਯਥਾਰਥ ਨੂੰ ਪਾਠਕ ਦੇ ਸਨਮੁਖ ਕਰਦੀ ਹੈ। ਇਸ ਘਾਣ ਵਿਚ ਬਹੂ-ਬੇਟੀਆਂ ਦੀਆਂ ਇੱਜ਼ਤਾਂ ਨੂੰ ਰੋਲਿਆ ਹੀ ਨਹੀਂ ਗਿਆ ਸਗੋਂ ਉਨ੍ਹਾਂ ਨੂੰ ਕਤਲ ਵੀ ਕੀਤਾ ਗਿਆ। ਸ਼ਰਮਨਾਕ ਪੱਖ ਇਹ ਹੈ ਕਿ ਸਮੇਂ ਦੀਆਂ ਸਰਕਾਰਾਂ ਨੇ ਅੱਜ ਤਕ ਦੰਗਾ ਪੀੜਤਾਂ ਨੂੰ ਨਿਗੂਣੀ ਸਹਾਇਤਾ ਤੋਂ ਬਿਨਾਂ ਇਨਸਾਫ਼ ਨਹੀਂ ਦਿੱਤਾ। ਜ਼ੁਲਮ ਦੀਆਂ ਭੱਠੀਆਂ ਵਿਚ ਝੁਲਸੇ ਲੋਕਾਂ ਨੇ ਜੇਕਰ ਕਾਨੂੰਨੀ ਸਹਾਇਤਾ ਲਈ ਚਾਰਾਜੋਈ ਕੀਤੀ ਤਾਂ ਵੀ ਇਨਸਾਫ਼ ਨਾ ਮਿਲਿਆ ਸਗੋਂ ਮਜ਼ਾਕ ਦੇ ਪਾਤਰ ਹੀ ਬਣਨਾ ਪਿਆ। ਹਥਲੀ ਕਹਾਣੀ ਦੇ ਵਸਤੂ ਵੇਰਵਿਆਂ ਵਿਚੋਂ ਇਹ ਗੱਲ ਸਾਫ਼ ਨਜ਼ਰ ਆਉਂਦੀ ਹੈ। ਕਹਾਣੀ ਦੀ ਵਕਤਾ ਦਾ ਭਰਾ ਜਦੋਂ ਦੰਗਿਆਂ ਸਮੇਂ ਦੰਗਾਕਾਰੀ ਅਨਸਰਾਂ ਵਲੋਂ ਸਾੜੇ ਗਏ ਆਪਣੇ ਮੁਰਗੀਖ਼ਾਨੇ ਦਾ ਮੁਆਵਜ਼ਾ ਲੈਣ ਲਈ ਸੰਬੰਧਿਤ ਵਿਭਾਗ ਦੇ ਸਰਕਾਰੀ ਅਧਿਕਾਰੀਆਂ ਕੋਲ ਜਾਂਦਾ ਹੈ ਤਾਂ ਉਹ ਆਖਦੇ ਹਨ-

*"... ਅਸਾਂ ਸੁਣਿਆ ਏ ਮੁਰਗੀਖ਼ਾਨੇ ਨੂੰ ਅੱਗ ਤੁਸੀਂ ਆਪ ਲਾਈ ਸੀ..." ਸੁਣ ਕੇ ਸੁੰਨ ਹੋ ਗਿਆ, ਨਾ ਦਲੀਲ ਨਾ ਅਪੀਲ...।*

*"ਅੱਛਾ ਕਿਤਨੇ ਬਰਡਜ਼ ਸਨ?"*

"ਦਸ-ਹਜ਼ਾਰ...।"
ਸਾਨੂੰ ਤਾਂ ਇਨ੍ਹਾਂ ਦਾ ਕੋਈ ਤਜਰਬਾ ਨਹੀਂ... ਪਤਾ ਕਰਾਂਗੇ।"

ਇਸ ਤਰ੍ਹਾਂ ਹਰ ਪਾਸੋਂ ਨਕਾਰੇ, ਦੁਰਕਾਰੇ ਇਹ ਪਾਤਰ ਆਪਣੇ ਅੰਦਰੋਂ ਹੀ ਵਿਸ਼ਵਾਸ ਪੈਦਾ ਕਰਦੇ, ਜ਼ਿੰਦਗੀ ਦੀ ਜੀਵੰਤਤਾ ਅਤੇ ਨਿਰੰਤਰਤਾ ਨੂੰ ਸਵੀਕਾਰਦੇ ਹਨ। ਇਹ ਤ੍ਰਾਸਦਿਕ ਹੋਣੀਆਂ ਨੂੰ ਭੁਲਾ ਕੇ ਨਵੇਂ ਸਿਰੇ ਤੋਂ ਜ਼ਿੰਦਗੀ ਜਿਉਣ ਲਈ ਆਹੁਲਦੇ ਹਨ। ਹਥਲੀ ਕਹਾਣੀ ਵਿਚ ਵਾਰ-ਵਾਰ ਆਇਆ 'ਬੋਹੜ ਦਾ ਰੁੱਖ' ਪੰਜਾਬੀਅਤ ਦੀ ਅੰਤਰ-ਆਤਮਾ ਦਾ ਚਿਹਨ ਹੈ ਜਿਸ ਦੇ ਸਹਾਰੇ ਮਾਸਟਰ ਸਤਨਾਮ ਵਰਗਾ ਪਾਤਰ ਹਰ ਪਾਸਿਉਂ ਦਰੜੇ ਜਾਣ ਦੇ ਬਾਵਜੂਦ ਵੀ ਜਾਦੂਗਰ ਦੇ ਖੇਲ ਵਾਲੇ ਚਾਦਰ ਹੇਠਲੇ ਬੰਦੇ ਵਾਂਗ ਸਹੀ ਸਲਾਮਤ ਉੱਠ ਖੜ੍ਹਾ ਹੁੰਦਾ ਹੈ। ਜ਼ਿੰਦਗੀ ਦੀ ਰੌਅ ਨਾਲ ਫਿਰ ਵਗਣ ਲਗਦਾ ਹੈ। ਅਸਲ ਵਿਚ ਉਹ 'ਚਾਦਰ ਹੇਠਲਾ ਬੰਦਾ' ਮਾਸਟਰ ਸਤਨਾਮ ਹੀ ਹੈ ਜਿਹੜਾ ਹਰ ਪੱਧਰ 'ਤੇ ਢਾਏ ਜ਼ੁਲਮਾਂ ਦੀ ਚਾਦਰ ਥੱਲੋਂ ਲੱਖਾਂ ਸੰਕਟ ਸਹਿ ਕੇ ਵੀ ਉਠ ਖੜ੍ਹਾ ਹੁੰਦਾ ਹੈ। ਇਥੇ ਮਾਸਟਰ ਸਤਨਾਮ ਸਮੁੱਚੀ ਪੰਜਾਬੀ ਕੌਮ ਦਾ ਚਿਹਨ ਬਣ ਜਾਂਦਾ ਹੈ। ਇਸ ਤਰ੍ਹਾਂ ਦੇ ਬਹੁ-ਪਰਿਪੇਖੀ ਤੇ ਬਹੁ-ਅਯਾਮੀ ਚਿਹਨ ਸਿਰਜਨ ਵਿਚ ਹੀ ਹਥਲੀ ਕਹਾਣੀ ਦੀ ਖ਼ੂਬਸੂਰਤੀ ਨਜ਼ਰ ਆਉਂਦੀ ਹੈ।

ਅਧਿਅਨ ਦਾ ਮਰਕਜ਼ ਬਣੀ ਇਸ ਕਹਾਣੀ ਵਿਚ ਸੁਖਵੰਤ ਕੌਰ ਮਾਨ ਦੀ ਇਹ ਪ੍ਰਾਪਤੀ ਨਜ਼ਰ ਆਉਂਦੀ ਹੈ ਕਿ ਉਸ ਦੁਆਰਾ ਸਿਰਜੇ ਪਾਤਰ ਉਜਾੜਿਆਂ ਦੇ ਭੰਬੇ ਹੋਣ ਦੇ ਬਾਵਜੂਦ ਵੀ ਜ਼ਿੰਦਗੀ ਤੋਂ ਕਿਨਾਰਾ ਨਹੀਂ ਕਰਦੇ ਸਗੋਂ ਜ਼ਿੰਦਗੀ ਜਿਉਣ ਲਈ ਹਰ ਪੱਧਰ 'ਤੇ ਜੂਝਦੇ ਹੋਏ ਨਜ਼ਰ ਆਉਂਦੇ ਹਨ। ਇਨ੍ਹਾਂ ਉਜਾੜਿਆਂ ਨੂੰ ਆਪਣੇ ਪਿੰਡੇ 'ਤੇ ਹੰਢਾਉਣ ਵਾਲੇ, ਆਪਣੇ ਹੀ ਘਰਾਂ, ਕਾਰੋਬਾਰਾਂ ਦੀ ਸੁਆਹ ਵਿਚੋਂ ਕੁਕਨੂਸ ਵਾਂਗ ਜਿੰਦਾ ਹੋ ਉਠਦੇ ਹਨ। ਮੌਤ ਤੋਂ ਉਰੇ-ਉਰੇ ਬਚ ਗਏ ਬੰਦੇ ਵਿਚ ਜਿਉਣ ਦੀ ਲੋਚਾ, ਅਤਿ ਹਸਾਸ ਪਲਾਂ ਵਿਚ ਵੀ ਤਿਣਕਿਆਂ ਦਾ ਸਹਾਰਾ ਲੈ ਕੇ ਜੀਉਂਦੇ ਹੋਣ ਦੀ ਤਸੱਲੀ ਅਤੇ ਛੇਤੀ ਤੋਂ ਛੇਤੀ ਜ਼ਿੰਦਗੀ ਦੇ ਜੀਵਨ ਰੌਅ ਵਿਚ ਪਰਤ ਆਉਣ ਦੀ ਤਾਂਘ ਉਸ ਦੀ ਕਥਾ ਸੰਵੇਦਨਾ ਦੀ ਇਕ ਅਹਿਮ ਅੰਤਰ-ਦ੍ਰਿਸ਼ਟੀ ਹੈ।[8] ਇਹੀ ਅੰਤਰ-ਦ੍ਰਿਸ਼ਟੀ ਪਾਠਕ ਅੰਦਰ ਨਵੇਂ ਸਿਰਿਉਂ ਸੋਚਨ ਦੀ ਚੇਸ਼ਟਾ ਪੈਦਾ ਕਰਦੀ ਹੈ। ਜਟਿਲ ਬਿਰਤਾਂਤ ਦੀ ਧਾਰਨੀ ਇਸ ਕਹਾਣੀ ਵਿਚ ਕਹਾਣੀਕਾਰਾ ਨੇ ਲੁਕੋਣ-ਛੁਪਾਉਣ ਦੀ ਵਿਧੀ ਨੂੰ ਵਰਤਿਆ ਹੈ। ਇਹ ਵਿਧੀ ਪਾਠਕ ਦੇ ਸਨਮੁਖ ਪ੍ਰਸ਼ਨ ਚਿੰਨ ਖੜ੍ਹੇ ਕਰਦੀ ਹੈ, ਉੱਤਰ ਨਹੀਂ ਦਿੰਦੀ। ਇਹੀ ਆਧੁਨਿਕ ਕਹਾਣੀ ਦੀ ਮਹੱਤਵਪੂਰਨ ਬਿਰਤਾਂਤਕ ਵਿਧੀ ਹੈ ਜਿਹੜੀ ਬਹੁਤਾ ਕੁਝ ਪਾਠਕ 'ਤੇ ਛੱਡ ਦਿੰਦੀ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਉਜਾੜਿਆਂ ਦੀ ਮਾਰ ਝੱਲਦੀ

ਹੋਈ ਲੋਕਾਈ ਦਾ ਦੁਖਾਂਤਕ ਅਤੀਤ ਅਤੇ ਮੁੜ ਉਸਰ ਰਿਹਾ ਵਰਤਮਾਨ ਹਥਲੀ ਕਹਾਣੀ ਦੀਆਂ ਪ੍ਰਮੁੱਖ ਬਿਰਤਾਂਤਕ ਇਕਾਈਆਂ ਹਨ। ਪੁਨਰ ਉਸਾਰੀ ਵਿਚ ਜੁਟਿਆ ਹੋਇਆ ਬੰਦਾ ਆਪਣੇ ਦੁਖਾਂਤਕ ਅਤੀਤ ਨੂੰ ਵਿਸਾਰਦਾ ਜਾਂਦਾ ਹੈ ਤੇ ਵਰਤਮਾਲ ਵੱਲ ਅਹੁਲਦਾ ਹੈ। ਸੰਘਰਸ਼, ਮਿਹਨਤ, ਹੌਂਸਲਾ, ਤਿਣਕਿਆਂ ਦਾ ਸਹਾਰਾ, ਸਰਬ ਸਾਂਝੀਵਾਲਤਾ ਨਾਲ ਬੰਦਾ ਕਿਵੇਂ ਦਰਪੇਸ਼ ਅਤਿ-ਘਿਨਾਉਣੇ ਸੰਕਟਾਂ ਤੋਂ ਉਭਰ ਜਾਂਦਾ ਹੈ। ਇਸ ਸਮੁੱਚੀ ਪ੍ਰਕਿਰਿਆ ਨੂੰ ਰੂਪਮਾਨ ਕਰਨ ਵਿਚ ਹੀ ਇਸ ਕਹਾਣੀ ਦੀ ਸਾਰਥਿਕਤਾ ਨਜ਼ਰ ਆਉਂਦੀ ਹੈ।

**ਹਵਾਲੇ ਤੇ ਟਿਪਣੀਆਂ :**


1. ਧਨਵੰਤ ਕੌਰ (ਡਾ.) (ਸੰਪਾ.), ਕਥਾ ਕਹਾਣੀ, ਪੰਨਾ-142
2. ਜਸਬੀਰ ਕੇਸਰ (ਸੰਪਾ.), ਕੇਸਰ ਸਿੰਘ ਕੇਸਰ: ਗਲਪ ਚਿੰਤਨ, ਪੰਨਾ-227
3. ਜਗਬੀਰ ਸਿੰਘ (ਡਾ.), ਪੰਜਾਬੀ ਗਲਪ ਸੰਸਾਰ, ਪੰਨਾ-132
4. ਧਨਵੰਤ ਕੌਰ (ਡਾ.), ਕਹਾਣੀ ਸ਼ਾਸਤਰ, ਪੰਨਾ-226
5. ਚਾਦਰ ਹੇਠਲਾ ਬੰਦਾ, ਪੰਨਾ-20
6. ਉਹੀ, ਪੰਨਾ-24
7. ਉਹੀ, ਪੰਨਾ-22
8. ਧਨਵੰਤ ਕੌਰ (ਡਾ.), ਕਹਾਣੀ ਸ਼ਾਸਤਰ, ਪੰਨਾ-226


•